# ਖ਼ਪਤਕਾਰ ਸੇਵਾਵਾਂ ਦੇ ਮਹਿਕਮੇ ਵਿਖੇ ਤੁਹਾਡਾ ਸਵਾਗਤ ਹੈ

ਓਨਟੇਰੀਓ ਵਿੱਚ ਇੱਕ ਖ਼ਪਤਕਾਰ ਦੇ ਤੌਰ 'ਤੇ ਤੁਹਾਨੂੰ ਤੁਹਾਡੇ ਹੱਕਾਂ ਬਾਰੇ ਸਮਝਾਉਣ ਲਈ ਅਸੀਂ ਹਾਜ਼ਰ ਹਾਂ।

ਸਾਡੀਆਂ ਸੇਵਾਵਾਂ ਅੰਗਰੇਜ਼ੀ ਅਤੇ ਫ੍ਰੈਂਚ ਵਿੱਚ ਪੇਸ਼ ਕੀਤੀਆਂ ਜਾਂਦੀਆਂ ਹਨ। ਜੇ ਤੁਹਾਨੂੰ ਮਦਦ ਦੀ ਲੋੜ ਹੋਵੇ ਪਰ ਤੁਸੀਂ ਇਨ੍ਹਾਂ ਦੋਵਾਂ ਬੋਲੀਆਂ ਵਿੱਚੋਂ ਕੋਈ ਵੀ ਬੋਲੀ ਨਾ ਬੋਲਦੇ ਹੋਵੋਂ, ਤਾਂ ਇਨ੍ਹਾਂ ਵਿੱਚੋਂ ਕੋਈ ਬੋਲੀ ਬੋਲਣ ਵਾਲੇ ਕਿਸੇ ਦੋਸਤ ਜਾਂ ਰਿਸ਼ਤੇਦਾਰ ਨੂੰ ਕਹੋ ਕਿ ਤੁਹਾਡੀ ਬਿਨਾ 'ਤੇ ਸਾਡੇ ਨਾਲ ਸੰਪਰਕ ਕਰੇ।

ਸਾਡੀ ਵੈੱਬਸਾਈਟ ਤੋਂ ਜਿਨ੍ਹਾਂ ਮਜ਼ਮੂਨਾਂ ਬਾਰੇ ਤੁਸੀਂ ਜਾਣਕਾਰੀ ਹਾਸਲ ਕਰ ਸਕਦੇ ਹੋ, ਉਨ੍ਹਾਂ ਵਿੱਚੋਂ ਕੁੱਝ ਇੱਕ ਇਹ ਹਨ:

- ਜੇ ਉਗਰਾਹੀ ਕਰਨ ਵਾਲੀ ਕੋਈ ਏਜੰਸੀ ਮੈਨੂੰ ਪ੍ਰੇਸ਼ਾਨ ਕਰਦੀ ਹੋਵੇ ਤਾਂ ਮੈਂ ਕੀ ਕਰ ਸਕਦਾ ਹਾਂ?
- ਮੈਂ ਸੰਸਕਾਰ ਲਈ ਪਹਿਲੋਂ ਹੀ ਅਦਾਇਗੀ ਕਰ ਚੁੱਕਿਆ ਹਾਂ। ਕੀ ਮੈਂ ਆਪਣਾ ਇਰਾਦਾ ਬਦਲ ਕੇ ਆਪਣੇ ਪੈਸੇ ਵਾਪਸ ਲੈ ਸਕਦਾ ਹਾਂ?
- ਮੇਰਾ ਕੰਡੋਮੀਨੀਅਮ ਬੋਰਡ ਕਹਿੰਦਾ ਹੈ ਕਿ ਮੈਂ ਪਾਲਤੂ ਜਾਨਵਰ ਨਹੀਂ ਰੱਖ ਸਕਦਾ। ਕੀ ਇਹ ਕਾਨੂੰਨੀ ਤੌਰ 'ਤੇ ਸਹੀ ਹੈ?
- ਕੀ ਗਿਫ਼ਟ ਕਾਰਡ ਸੁਰੱਖਿਅਤ ਹੁੰਦੇ ਹਨ?
- ਘਰ ਖਰੀਦਣ ਬਾਰੇ ਮੈਨੂੰ ਕੀ ਪਤਾ ਹੋਣਾ ਚਾਹੀਦਾ ਹੈ?
- ਮੈਂ ਸ਼ਨਾਖਤ ਚੋਰੀ ਹੋਣ ਤੋਂ ਆਪਣਾ ਬਚਾਅ ਕਿਵੇਂ ਕਰ ਸਕਦਾ ਹਾਂ?
- ਕਾਰ ਖਰੀਦਣ ਬਾਰੇ ਮੈਨੂੰ ਕੀ ਪਤਾ ਹੋਣਾ ਚਾਹੀਦਾ ਹੈ?
- ਪੇ-ਡੇ ਸ਼ਾਹੂਕਾਰਾਂ ਨੂੰ ਕਿੰਨ੍ਹਾ ਵਿਆਜ ਲਾਉਣ ਦੀ ਇਜਾਜ਼ਤ ਹੁੰਦੀ ਹੈ?
- ਧੋਖਾਧੜੀਆਂ ਅਤੇ ਘੋਟਾਲ਼ਿਆਂ ਤੋਂ ਮੈਂ ਆਪਣਾ ਬਚਾਅ ਕਿਵੇਂ ਕਰ ਸਕਦਾ ਹਾਂ?
- ਸਫ਼ਰ ਨਾਲ ਸੰਬੰਧਤ ਸੇਵਾਵਾਂ ਬਾਰੇ ਮੈਨੂੰ ਕੀ ਪਤਾ ਹੋਣਾ ਚਾਹੀਦਾ ਹੈ?

ਅਸੀਂ ਅਨੇਕਾਂ ਸੁਝਾਵਾਂ ਸਹਿਤ ਹੁਸ਼ਿਆਰ ਖ਼ਪਤਕਾਰਾਂ ਬਾਰੇ ਇੱਕ ਕੈਲੰਡਰ ਵੀ ਛਾਪਦੇ ਹਾਂ। ਹੁਸ਼ਿਆਰ ਖ਼ਪਤਕਾਰਾਂ ਬਾਰੇ ਕੈਲੰਡਰ ਦੀ ਆਪਣੀ ਨਕਲ ਪੰਜਾਬੀ ਵਿੱਚ ਹਾਸਲ ਕਰੋ।

ਹੁਸ਼ਿਆਰ ਖ਼ਪਤਕਾਰ ਬਣੋ... ਅਸੀਂ ਮਦਦ ਕਰ ਸਕਦੇ ਹਾਂ। ਸਾਡੇ ਨਾਲ ਸੰਪਰਕ ਕਰੋ।

**www.ontario.ca/consumerservices**